Dorset HealthCare University NHS Foundation Trust

**ਡੋਰਸੈਟ ਹੈਲਥਕੇਅਰ ਐੱਨ.ਐੱਚ.ਐੱਸ. ਫਾਊਂਡੇਸ਼ਨ ਟ੍ਰਸਟ**
**ਸਾਊਥੈਂਪਟਨ ਸਟੈਪਸ ਟੂ ਵੈਲਬੀਂਗ**
**ਗੁੱਪਤਤਾ ਸਮਝੌਤਾ**

ਤੁਹਾਡਾ ਚਿਕਿਤਸਕ ਜਿੱਥੋਂ ਤਕ ਸੰਭਵ ਹੋ ਸਕੇ ਉਸ ਜਾਣਕਾਰੀ ਨੂੰ ਗੁੱਪਤ ਰੱਖੇਗਾ ਜੋ ਵੀ ਤੁਸੀਂ ਉਨ੍ਹਾਂ ਨੂੰ ਦੱਸਦੇ ਹੋ। ਯਕੀਨੀ ਤੌਰ ਤੇ, ਉਨ੍ਹਾਂ ਤੇ ਇਹ ਸੁਨਿਸ਼ਚਤ ਕਰਨ ਲਈ ਪੇਸ਼ੇਵਰ ਨੈਤਿਕ ਨਿਯਮਾਂ ਦੁਆਰਾ ਪ੍ਰਤੀਬੰਧ ਲਗਾਇਆ ਜਾਂਦਾ ਹੈ ਕਿ ਇੱਥੇ ਉਸ ਚਿਕਿਤਸਕੀ ਕੰਮ ਬਾਰੇ ਗੁੱਪਤਤਾ ਵਰਤੀ ਜਾਂਦੀ ਹੈ ਜੋ ਤੁਸੀਂ ਉਨ੍ਹਾਂ ਨਾਲ ਕਰਦੇ ਹੋ।

ਪਰ, ਇੱਥੇ ਕੁਝ ਮਹੱਤਵਪੂਰਨ ਅਪਵਾਦ ਹਨ ਜਿਨ੍ਹਾਂ ਬਾਰੇ ਤੁਹਾਨੂੰ ਜਾਣਨ ਦੀ ਲੋੜ ਹੈ, ਤਾਂ ਕਿ ਤੁਹਾਡੇ ਅਤੇ ਉਸ ਚਿਕਿਤਸਕ ਵਿੱਚ ਕੋਈ ਗੜਬੜੀ ਪੈਦਾ ਨਾ ਹੋਵੇ ਜਿਸਨੂੰ ਤੁਸੀਂ ਦਿਖਾਉਂਦੇ ਹੋ।

ਇਹ ਸੂਚਨਾ ਪਰਚਾ ਗੁੱਪਤਤਾ ਦੀ ਸੀਮਾਵਾਂ ਦੀ ਵਿਆਖਿਆ ਕਰਦਾ ਹੈ। ਕਿਰਪਾ ਕਰਕੇ ਜਾਣਕਾਰੀ ਨੂੰ ਧਿਆਨ ਨਾਲ ਪੜ੍ਹੋ ਅਤੇ ਆਪਣੇ ਸਲਾਹਕਾਰ ਤੋਂ ਉਹ ਕੋਈ ਵੀ ਸੁਆਲ ਪੁੱਛੋ ਜੋ ਪੁੱਛਣਾ ਚਾਹੁੰਦੇ ਹੋ।

ਤੁਹਾਡਾ ਚਿਕਿਤਸਕ ਤੁਹਾਡੇ ਹਰ ਕਾਰਜਕਾਲਾਂ ਬਾਰੇ ਲੇਖ ਲਿੱਖੇਗਾ, ਜਿਨ੍ਹਾਂ ਨੂੰ ਰਿਪੋਰਟਾਂ ਅਤੇ ਪੱਤਰਾਂ ਨਾਲ ਇੱਕ ਗੁੱਪਤ ਫਾਈਲ ਵਿੱਚ ਰੱਖਿਆ ਜਾਵੇਗਾ। ਹੇਠਾਂ ਸੰਕੇਤ ਕੀਤੇ ਚਿਨ੍ਹਾਂ ਦੇ ਆਧਾਰ ਤੇ, ਇਸ ਫਾਈਲ ਦੀ ਸਮੱਗਰੀ ਗੁੱਪਤ ਰਹੇਗੀ ਅਤੇ ਉਸ ਸਟਾਫ ਦੇ ਸਾਰੇ ਸਦੱਸਾਂ ਤੇ, ਜੋ ਫਾਈਲ ਦੇ ਸੰਪਰਕ ਵਿੱਚ ਆਉਂਦੇ ਹਨ, ਵੀ ਤੁਹਾਡੇ ਚਿਕਿਤਸਕ ਵਾਂਗ ਗੁੱਪਤਤਾ ਦੇ ਉਹੀ ਨਿਯਮਾਂ ਦੁਆਰਾ ਪਾਬੰਦੀਆਂ ਲਗਾਈਆਂ ਜਾਣਗੀਆਂ।

**ਗੁੱਪਤਤਾ ਲਈ ਨੇਮਕ ਅਪਵਾਦ**

ਤੁਹਾਡੇ ਚਿਕਿਤਸਕ ਨੂੰ ਇਸ ਬਾਰੇ ਉਸ ਪੇਸ਼ੇਵਰ ਨੂੰ ਸੂਚਿਤ ਰੱਖਣ ਲਈ, ਕਿ ਉਹ ਕਿਹੜਾ ਚਿਕਿਤਸਕੀ ਕੰਮ ਹੈ ਜਿਸ ਤੇ ਤੁਸੀਂ ਕੰਮ ਕਰਨਾ ਸ਼ੁਰੂ ਕੀਤਾ ਹੈ ਅਤੇ ਇਹ ਕੰਮ ਕਿਵੇਂ ਚਲਦਾ ਹੈ, ਉਸ ਨੂੰ ਲਿੱਖਣ ਲਈ ਮਜਬੂਰ ਕੀਤਾ ਜਾਂਦਾ ਹੈ ਜਿਸ ਨੇ ਵੀ ਇਸ ਸੇਵਾ ਲਈ ਤੁਹਾਨੂੰ ਵੇਖਿਆ। ਜੇ ਤੁਹਾਨੂੰ ਤੁਹਾਡੇ ਜੀਪੀ ਦੁਆਰਾ ਨਹੀਂ ਵੇਖਿਆ ਗਿਆ ਸੀ, ਤਾਂ ਅਸੀਂ ਤੁਹਾਨੂੰ ਤੁਹਾਡੇ ਜੀਪੀ ਦੇ ਨਾਂ ਅਤੇ ਪਤੇ ਬਾਰੇ ਪੁੱਛਾਂਗੇ ਤਾਂ ਕਿ ਸਾਡੀ ਸੇਵਾ ਦੇ ਪ੍ਰਤੀ ਇਲਾਜ ਲਈ ਤੁਹਾਨੂੰ ਵੇਖਣ ਲਈ ਉਨ੍ਹਾਂ ਨੂੰ ਸੂਚਿਤ ਕਰਨ ਲਈ ਇੱਕ ਪੱਤਰ ਭੇਜਿਆ ਜਾ ਸਕੇ। ਤੁਹਾਡੇ ਜੀਪੀ ਨੂੰ ਤੁਹਾਡੀ ਛੁੱਟੀ ਹੋਣ ਦੇ ਸਮੇਂ ਤੇ ਤੁਹਾਡੇ ਇਲਾਜ ਦੇ ਖਤਮ ਹੋਣ ਬਾਰੇ ਵੀ ਸੂਚਿਤ ਕੀਤਾ ਜਾਵੇਗਾ।

1. ਭਾਵੇਂ ਤੁਸੀਂ ਅੰਦਰ ਦੇ ਮਰੀਜ਼ ਹੋ ਜਾਂ ਬਾਹਰੀ ਮਰੀਜ਼ ਹੋ ਤੁਹਾਨੂੰ ਹੋਰ ਸੇਹਤ ਪੇਸ਼ੇਵਰਾਂ ਦੁਆਰਾ ਜਾਂ ਸਮਾਜਕ ਸੇਵਾਵਾਂ ਤੋਂ ਕਿਸੇ ਵਿਅਕਤੀ ਦੁਆਰਾ ਵੇਖਿਆ ਜਾ ਸਕਦਾ ਹੈ। ਤੁਹਾਡੀ ਦੇਖਭਾਲ ਦੇ ਪਹਿਲੂਆਂ ਨੂੰ ਸਾਂਝਾ ਕੀਤਾ ਜਾਣਾ ਆਮ ਹੈ ਤਾਂ ਕਿ ਵੱਖ-ਵੱਖ ਪਹਿਲੂਆਂ ਨੂੰ ਚੰਗੀ ਤਰ੍ਹਾਂ ਮੇਲਿਆ ਜਾ ਸਕੇ। ਉਨ੍ਹਾਂ ਵਿਅਕਤੀਆਂ ਤੇ, ਜਿਨ੍ਹਾਂ ਨਾਲ ਜਾਣਕਾਰੀ ਨੂੰ ਸਾਂਝਾ ਕੀਤਾ ਜਾਂਦਾ ਹੈ, ਵੀ ਗੁੱਪਤਤਾ ਦੇ ਉਨ੍ਹਾਂ ਪੱਧਰਾਂ ਦੁਆਰਾ ਪਾਬੰਦੀਆਂ ਲਗਾਈਆਂ ਜਾਣਗੀਆਂ।
2. ਸਾਰੇ ਚਿਕਿਤਸਕਾਂ ਦੀ ਸੱਭ ਤੋਂ ਵਧੀਆ ਸੰਭਵ ਮਾਨਕਾਂ ਨੂੰ ਸੁਨਿਸ਼ਚਤ ਕਰਨ ਲਈ ਉਨ੍ਹਾਂ ਦੇ ਕੰਮ ਬਾਰੇ ਨਿਗਰਾਨੀ ਕੀਤੀ ਜਾਂਦੀ ਹੈ। ਇਸ ਦਾ ਮਤਲਬ ਹੈ ਕਿ ਸਮੇਂ-ਸਮੇਂ ਤੇ ਤੁਹਾਡਾ ਚਿਕਿਤਸਕ ਨਿਗਰਾਨ ਨਾਲ ਉਸ ਕੰਮ ਬਾਰੇ ਚਰਚਾ ਕਰ ਸਕਦਾ ਹੈ ਜੋ ਉਹ ਤੁਹਾਡੇ ਨਾਲ ਕਰ ਰਿਹਾ ਹੈ। ਉਨ੍ਹਾਂ ਦੇ ਨਿਗਰਾਨ ਤੇ ਗੁੱਪਤਤਾ ਦੇ ਉਹੀ ਨਿਯਮਾਂ ਦੁਆਰਾ ਪਾਬੰਦੀ ਲਗਾਈ ਜਾਂਦੀ ਹੈ।

ਜੇ ਅਜਿਹੀ ਕੋਈ ਵੀ ਜਾਣਕਾਰੀ ਹੈ ਜਿਸ ਬਾਰੇ ਤੁਸੀਂ ਉਪਰ ਸੰਕੇਤ ਕੀਤੇ ਤਰੀਕਿਆਂ ਵਿੱਚ ਚਰਚਾ ਜਾਂ ਖੁਲਾਸਾ ਕੀਤਾ ਜਾਣਾ ਨਹੀਂ ਚਾਹੋਗੇ, ਤਾਂ ਕਿਰਪਾ ਕਰਕੇ ਆਪਣੇ ਚਿਕਿਤਸਕ ਨਾਲ ਇਸ ਬਾਰੇ ਚਰਚਾ ਕਰੋ ਜੋ ਹੇਠਾਂ ਸੰਕੇਤ ਕੀਤੇ ਕਿਸੇ ਵੀ ਅਪਵਾਦ ਦੇ ਅਧੀਨ ਇਸ ਜਾਣਕਾਰੀ ਨੂੰ ਗੁੱਪਤ ਰੱਖਣ ਦਾ ਜਤਨ ਕਰੇਗਾ।

**ਗੁੱਪਤਤਾ ਲਈ ਹੋਰ ਮਹੱਤਵਪੂਰਨ ਅਪਵਾਦ**

ਇੱਥੇ ਬਹੁਤ ਘੱਟ ਅਜਿਹੀਆਂ ਹੋਰ ਸਥਿਤੀਆਂ ਹਨ ਜਿਸ ਦੇ ਅਧੀਨ ਚਿਕਿਤਸਕ ਨੂੰ ਗੁੱਪਤਤਾ ਭੰਗ ਕਰਨੀ ਪੈ ਸਕਦੀ ਹੈ।

1. ਜੇ ਇਹ ਜਾਣਕਾਰੀ ਨੂੰ ਸਾਂਝਾ ਕਰਨ ਲਈ ਵਿਆਪਕ ਜਨਤਾ ਦੇ ਹਿੱਤ ਵਿੱਚ ਹੋ ਸਕਦਾ ਹੈ। ਜਦੋਂ ਮਰੀਜ਼ ਗੰਭੀਰ ਅਪਰਾਧ ਕਰਨ ਦੇ ਇਰਾਦੇ ਦਾ ਖੁਲਾਸਾ ਕਰਦਾ ਹੈ ਜਾਂ ਉਹ ਉਸ ਗੰਭੀਰ ਅਪਰਾਧ ਬਾਰੇ ਕੋਈ ਜਾਣਕਾਰੀ ਦਿੰਦਾ ਹੈ ਜਿਸ ਨੂੰ ਵਚਨਬੱਧ ਕੀਤਾ ਗਿਆ ਹੈ ਅਤੇ ਜੇ ਇਹ ਕਿ ਗੰਭੀਰ ਅਪਰਾਧ ਨਾਲ ਤੁਹਾਨੂੰ ਜਾਂ ਕਿਸੇ ਹੋਰ ਵਿਅਕਤੀ ਨੂੰ ਗੰਭੀਰ ਨੁਕਸਾਨ ਹੋਣ ਦੀ ਸੰਭਾਵਨਾ ਹੁੰਦੀ ਹੈ।
2. ਜੇ ਚਿਕਿਤਸਕ ਨੂੰ ਇਹ ਲਗਦਾ ਹੈ ਕਿ ਕੋਈ ਬੱਚਾ ਜਾਂ ਹੋਰ ਕਮਜੋਰ ਵਿਅਕਤੀ ਕਿਸੇ ਦੁਆਰਾ ਲਾਪਰਵਾਹੀ ਜਾਂ ਦੁਰਵਿਹਾਰ ਕੀਤੇ ਜਾਣ ਦੇ ਜੋਖਮ ਤੇ ਹੋ ਸਕਦਾ ਹੈ। ਇਨ੍ਹਾਂ ਹਲਾਤਾਂ ਦੇ ਅਧੀਨ, ਚਿਕਿਤਸਕਾਂ ਤੇ ਪੇਸ਼ੇਵਰ ਸਲਾਹ ਲੈਣ ਲਈ ਅਤੇ ਸੰਭਾਵੀ ਤੌਰ ਤੇ ਉੱਚਿਤ ਏਜੰਸੀਆਂ ਨੂੰ ਇਹ ਜਾਣਕਾਰੀ ਅੱਗੇ ਭੇਜਣ ਲਈ ਕਨੂੰਨੀ ਤੌਰ ਤੇ ਪਾਬੰਦੀ ਲਗਾਈ ਜਾਂਦੀ ਹੈ।
3. ਕੁਝ ਬਹੁਤ ਘੱਟ ਹਲਾਤਾਂ ਵਿੱਚ, ਅਦਾਲਤ ਤੁਹਾਡੀ ਦੇਖਭਾਲ ਬਾਰੇ ਜਾਂ ਤੇ ਜਾਣਕਾਰੀ ਜਾਂ ਫੇਰ ਨੋਟਸ ਨੂੰ ਸਪੁਰਦ ਕਰਨ ਦਾ ਆਦੇਸ਼ ਦੇ ਸਕਦੀ ਹੈ। ਜਿੱਥੇ ਸੰਭਵ ਹੋਵੇ, ਅਸੀਂ ਕਿਸੇ ਵੀ ਇਸ ਤਰ੍ਹਾਂ ਦੇ ਖੁਲਾਸੇ ਤੋਂ ਪਹਿਲਾਂ ਤੁਹਾਡੇ ਰਜ਼ਾਮੰਦੀ ਪ੍ਰਾਪਤ ਕਰਨ ਦੀ ਇੱਛਾ ਕਰਾਂਗੇ।

ਅਸਲ ਵਿੱਚ, ਇਹ ਸਥਿਤੀਆਂ ਤੁਲਨਾਤਮਕ ਤੌਰ ਤੇ ਅਸਧਾਰਨ ਹਨ, ਪਰ ਸਾਨੂੰ ਲੱਗਦਾ ਹੈ ਕਿ ਇਹ ਮਹੱਤਵਪੂਰਨ ਹੈ ਕਿ ਤੁਹਾਨੂੰ ਤੁਹਾਡੇ ਥੇਰੇਪੀ ਕਾਰਜਕਾਲ ਨੂੰ ਸ਼ੁਰੂ ਕਰਨ ਤੋਂ ਪਹਿਲਾਂ ਠੀਕ ਪਤਾ ਹੋਵੇ ਕਿ ਤੁਸੀਂ ਗੁੱਪਤਤਾ ਬਾਰੇ ਕਿੱਥੇ ਖੜੇ ਹੋ।

ਸਪਸ਼ਟ ਤੌਰ ਤੇ ਜੇ ਤੁਹਾਨੂੰ ਗੁੱਪਤਤਾ ਬਾਰੇ ਅੱਗੇ ਦੇ ਕਿਸੇ ਸਪਸ਼ਟੀਕਰਨ ਦੀ ਲੋੜ ਹੁੰਦੀ ਹੈ ਤਾਂ ਕਿਰਪਾ ਕਰਕੇ ਆਪਣੇ ਚਿਕਿਤਸਕ ਨਾਲ ਇਸ ਮਸਲੇ ਤੇ ਗੱਲ ਕਰੋ ਜੋ ਤੁਹਾਡੇ ਨਾਲ ਇਨ੍ਹਾਂ ਬਾਰੇ ਗੱਲ ਕਰਨ ਵਿੱਚ ਖੁਸ਼ ਹੋਵੇਗਾ ਜਾਂ 02380 272 000 ਤੇ ਸਾਊਥੈਂਪਟਨ ਸਟੈਪਸ ਟੂ ਵੈਲਬੀਂਗ ਟੀਮ ਨਾਲ ਸੰਪਰਕ ਕਰੋ।

**ਮੈਂ ਉੱਪਰ ਦਿੱਤੇ ਗੁੱਪਤਤਾ ਦੇ ਸਮਝੌਤੇ ਨੂੰ ਪੜ੍ਹ ਲਿਆ ਹੈ ਅਤੇ ਸਮਝ ਲਿਆ ਹੈ।**

ਨਾਂ.............................................................................

ਹਸਤਾਖ਼ਰ ਕੀਤੇ.........................................................................

ਮਿਤੀ...........................................................................

**ਡੋਰਸੈਟ ਹੈਲਥਕੇਅਰ ਐੱਨ.ਐੱਚ.ਐੱਸ. ਫਾਊਂਡੇਸ਼ਨ ਟ੍ਰਸਟ**
**ਸਾਊਥੈਂਪਟਨ ਸਟੈਪਸ ਟੂ ਵੈਲਬੀਂਗ**
**ਗੁੱਪਤਤਾ ਸਮਝੌਤਾ**

ਅਸੀਂ ਸਮਝਦੇ ਹਾਂ ਕਿ ਕਿਸੇ ਵੀ ਨਵੇਂ ਇਲਾਜ ਨੂੰ ਸ਼ੁਰੂ ਕਰਨਾ ਕੁੱਝ ਚਿੰਤਾ ਦਾ ਕਾਰਨ ਹੋ ਸਕਦਾ ਹੈ। ਇਸ ਲਈ, ਥੇਰੇਪੀ ਵਿੱਚ ਤੁਹਾਡੇ ਸਮੇਂ ਤੋਂ ਲਾਭਾਂ ਨੂੰ ਵਧਾਉਣ ਲਈ, ਅਸੀਂ ਆਪਣੀ ਵਿਭਾਗੀ ਨੀਤੀ ਨੂੰ ਸਪਸ਼ਟ ਕਰਨਾ ਚਾਹਾਂਗੇ:

1. ਤੁਹਾਡੇ ਤੋਂ ਤੁਹਾਡੀਆਂ ਸਾਰੀਆਂ ਮੁਲਾਕਾਤਾਂ ਵਿੱਚ ਹਾਜ਼ਰ ਹੋਣ ਦੀ ਉਮੀਦ ਕੀਤੀ ਜਾਵੇਗੀ ਜਿਵੇਂ ਕਿ ਅਸੀਂ ਕਿਸੇ ਵੀ ਛੱਡੇ ਗਏ ਕਾਰਜਕਾਲ ਨੂੰ ਵਾਪਸ ਨਹੀਂ ਰੱਖ ਸਕਦੇ ਹਾਂ।

2. ਜੇ ਤੁਸੀਂ ਪਹਿਲੇ ਸੂਚਨਾ ਦੇਣ ਤੋਂ ਬਿਨਾਂ ਆਪਣੀ ਕਿਸੇ ਵੀ ਮੁਲਾਕਾਤ ਵਿੱਚ ਹਾਜ਼ਰ ਹੋਣ ਵਿੱਚ ਅਸਫਲ ਹੁੰਦੇ ਹੋ, ਤਾਂ ਤੁਹਾਨੂੰ ਤੁਹਾਡੇ ਜੀਪੀ ਕੋਲ ਵਾਪਸ ਛੁੱਟੀ ਦੇ ਦਿੱਤੀ ਜਾਵੇਗੀ।

3. ਅਸੀਂ ਸਮਝਦੇ ਹਾਂ ਕਿ ਕੁੱਝ ਅਸਧਾਰਨ ਹਲਾਤਾ ਵਿੱਚ ਤੁਹਾਨੂੰ ਆਪਣੀ ਮੁਲਾਕਾਤ ਨੂੰ ਰੱਦ ਕਰਨ ਦੀ ਲੋੜ ਪੈ ਸਕਦੀ ਹੈ। ਇਸ ਸੁਨਿਸ਼ਚਤ ਕਰਨ ਲਈ ਕਿ ਇਹ ਸਮਾਂ ਵਿਅਰਥ ਨਾ ਕੀਤਾ ਜਾਵੇ, ਅਤੇ ਹੋਰ ਮਰੀਜ਼ ਨੂੰ ਇਹ ਮੁਲਾਕਾਤ ਦਾ ਸਮਾਂ ਦੇ ਦਿੱਤਾ ਜਾ ਸਕੇ, ਕਿਰਪਾ ਕਰਕੇ 02380 272 000 ਫੋਨ ਨੰਬਰ ਤੇ ਜਿੰਨੀ ਛੇਤੀ ਸੰਭਵ ਹੋ ਸਕੇ ਪ੍ਰਬੰਧਕੀ ਟੀਮ ਨਾਲ ਸੰਪਰਕ ਕਰੋ। ਕਿਰਪਾ ਕਰਕੇ ਇਹ ਨੋਟ ਕਰੋ ਕਿ ਤੁਹਾਨੂੰ ਤੁਹਾਡੀ ਦੂਜੀ ਮਨਸੂਖੀ ਨੂੰ ਵੇਖਦੇ ਹੋਏ ਸਾਡੀ ਸੇਵਾ ਤੋਂ ਸਵੈਚਲਿਤ ਤੌਰ ਤੇ ਛੁੱਟੀ ਦੇ ਦਿੱਤੀ ਜਾਵੇਗੀ।

4. ਥੇਰੇਪੀ ਤੁਹਾਡੇ ਅਤੇ ਚਿਕਿਤਸਕ ਦੇ ਵਿੱਚ ਇੱਕ ਸਹਿਯੋਗਾਤਮਕ ਕੰਮ ਦੀ ਸਾਂਝੇਦਾਰੀ ਹੁੰਦੀ ਹੈ। ਤੁਹਾਡੀ ਥੇਰੇਪੀ ਦੇ ਦੌਰਾਨ, ਤੁਹਾਨੂੰ ਥੇਰੇਪੀ ਦੀ ਪਰਕਿਰਿਆ ਨੂੰ ਆਸਾਨ ਬਣਾਉਣ ਲਈ ਤੁਹਾਡੇ ਕਾਰਜਕਾਲਾਂ (ਡਾਇਰੀ ਲਿੱਖਣਾ, ਪੜਨਾ ਆਦਿ ਸਮੇਤ) ਦੇ ਵਿੱਚ ਕੁੱਝ ਕੰਮ ਕਰਨ ਲਈ ਕਿਹਾ ਜਾ ਸਕਦਾ ਹੈ।

5. ਤੁਹਾਨੂੰ ਤੁਹਾਡੇ ਵਿਕਾਸ ਦਾ ਨਿਰੀਖਣ ਕਰਨ ਲਈ ਹਰ ਕਾਰਜਕਾਲ ਦੀ ਸ਼ੁਰੂਆਤ ਤੇ ਇੱਕ ਛੋਟੇ ਸੁਆਲਨਾਮੇ ਨੂੰ ਪੂਰਾ ਕਰਨ ਲਈ ਕਿਹਾ ਜਾਵੇਗਾ।

6. ਅਸੀਂ ਬੇਨਤੀ ਕਰਦੇ ਹਾਂ ਕਿ ਤੁਸੀਂ ਚਿਕਿਤਸਕ ਨਾਲ ਆਪਣੇ ਕਾਰਜਕਾਲ ਤੋਂ ਪਹਿਲਾਂ ਕਿਸੇ ਪ੍ਰਬੰਧੀ ਕਾਰਜ ਲਈ ਤੁਹਾਨੂੰ ਅਵਸਰ ਦੇਣ ਲਈ ਤੁਹਾਡੀ ਮੁਲਾਕਾਤ ਤੋਂ 10 ਮਿੰਟ ਪਹਿਲਾਂ ਪਹੁੰਚੋ।

7. ਤੁਹਾਡੇ ਜੀਪੀ ਨੂੰ ਤੁਹਾਨੂੰ ਭੇਜੀ ਗਈ ਕਿਸੇ ਵੀ ਪੱਤਰ, ਇਲਾਜ ਰਿਪੋਰਟ ਸਮੇਤ, ਦੀ ਕਾਪੀ (ਨਕਲ) ਭੇਜੀ ਜਾਵੇਗੀ।

ਜੇ ਤੁਹਾਨੂੰ ਵਚਨਬੱਧ ਹੋਣ ਤੋਂ ਪਹਿਲਾਂ ਇਲਾਜ ਸਮਝੌਤੇ ਬਾਰੇ ਕਿਸੇ ਵੀ ਅੱਗੇ ਦੇ ਸਪਸ਼ਟੀਕਰਨ ਦੀ ਲੋੜ ਹੁੰਦੀ ਹੈ, ਤਾਂ ਕਿਰਪਾ ਕਰਕੇ 02380 272 000 ਤੇ ਸਾਊਥੈਂਪਟਨ ਸਟੈਪਸ ਟੂ ਵੈਲਬੀਂਗ ਟੀਮ ਨਾਲ ਸੰਪਰਕ ਕਰੋ ਜਾਂ ਆਪਣੇ ਪਹਿਲੇ ਕਾਰਜਕਾਲ ਤੇ ਆਪਣੇ ਚਿਕਿਤਸਕ ਨਾਲ ਮਸਲੇ ਤੇ ਗੱਲ ਕਰੋ ਜੋ ਤੁਹਾਡੇ ਨਾਲ ਇਸ ਬਾਰੇ ਚਰਚਾ ਕਰਕੇ ਖੁਸ਼ ਹੋਵੇਗਾ।

**ਮੈਂ ਉੱਪਰ ਦਿੱਤੇ ਇਲਾਜ ਸਮਝੌਤੇ ਨੂੰ ਪੜ੍ਹ ਲਿਆ ਹੈ ਅਤੇ ਸਮਝ ਲਿਆ ਹੈ।**

ਨਾਂ…………………………………………………………………..

ਹਸਤਾਖ਼ਰ ਕੀਤੇ…………………………………………………………………

ਮਿਤੀ…………………………………………………………………….